# ਟੈਂਡਰ ਨੋਟਿਸ
## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਹੇਠ ਲਿਖੇ ਕੰਮਾਂ ਲਈ ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ) ਐਮ.ਈ.ਐਸ/ਸੀ.ਪੀ.ਡਬਲਯੂ.ਡੀ ਦੇ ਪ੍ਰਵਾਨਿਤ ਠੇਕੇਦਾਰਾਂ ਪਾਸੋਂ ਮੋਹਰਬੰਦ ਪ੍ਰਤੀਸ਼ਤ ਰੇਟ ਟੈਂਡਰ ਮੰਗੇ ਜਾਂਦੇ ਹਨ। ਟੈਂਡਰ ਫਾਰਮ ਮਿਤੀ 14-02-2023 ਤੋਂ ਲੈ ਕੇ ਮਿਤੀ 19-02-2023 ਤੱਕ ਦੁਪਹਿਰ 03:00 ਵਜੇ ਤੱਕ ਦਫਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਤੋਂ ਇਸ਼ੂ ਕੀਤੇ ਜਾਣਗੇ ਅਤੇ ਮਿਤੀ 20-02-2023 ਨੂੰ ਬਾਅਦ ਦੁਪਹਿਰ 01:00 ਵਜੇ ਤੱਕ ਰਸੀਵ ਕੀਤੇ ਜਾਣਗੇ। ਰਸੀਵ ਕੀਤੇ ਹੋਏ ਟੈਂਡਰ ਉਸੇ ਦਿਨ ਬਾਅਦ ਦੁਪਹਿਰ 02:00 ਵਜੇ ਇਕਤੱਰਤਾ ਘਰ, ਦਫਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ ਵਿਖੇ ਹਾਜਰ ਠੇਕੇਦਾਰਾਂ ਜਾਂ ਉਹਨਾਂ ਦੇ ਪ੍ਰਤੀਨਿਧਾਂ ਦੇ ਸਾਹਮਣੇ ਖੋਹਲੇ ਜਾਣਗੇ।

| ਸੀ: ਨੰ: | ਕੰਮ ਦਾ ਨਾਮ | ਅੰਦਾਜਨ ਲਾਗਤ | ਅਰਨੈਸਟ ਮਨੀ | ਸਮੇਂ ਦੀ ਹੱਦ | ਟੈਂਡਰ ਫੀਸ |
|---|---|---|---|---|---|
| 1 | ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਮਲਕੀਅਤੀ ਹੰਸਲੀ ਨਿਊ ਤਹਿਸੀਲਪੁਰਾ ਸ੍ਰੀ ਅੰਮ੍ਰਿਤਸਰ ਵਿਖੇ 06 ਕੁਆਟਰਾਂ ਦੀ ਉਸਾਰੀ ਸਬੰਧੀ। | (ਲੇਬਰ ਰੇਟ) 36,35,677/- | 73000/- | 18 ਮਹੀਨੇ | 1000/- |
| 2 | ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਨਾਲ ਸਬੰਧਤ ਗੋਲਡਨ ਟੈਂਪਲ ਕਲੋਨੀ ਦੇ ਸਟਾਫ ਕੁਆਰਟਰਾਂ ਨੂੰ ਰੰਗ ਰੋਗਨ ਕਰਨਾ। | (ਲੇਬਰ ਰੇਟ) 53,82,017/- | 108000/- | 09 ਮਹੀਨੇ | 1000/- |
| 3 | ਸ੍ਰੀ ਗੁਰੂ ਰਾਮਦਾਸ ਖਾਲਸਾ ਸੀਨੀ: ਸੈਕੰ: ਸਕੂਲ, ਸ੍ਰੀ ਅੰਮ੍ਰਿਤਸਰ ਦੀਆਂ ਛੱਤਾਂ ਬਦਲਣ, ਰਿਪੇਅਰ ਫਰਸ਼, ਖਿੜਕੀਆਂ, ਦਰਵਾਜੇ, ਬਿਜਲੀ ਦਾ ਕੰਮ, ਸੈਨੇਟਰੀ ਅਤੇ ਖਸਤਾ ਹਾਲਤ ਟਾਇਲਟ/ਬਾਥਰੂਮ ਤੋੜ ਕੇ ਨਵੇਂ ਮਾਡਰਨ ਬਾਥਰੂਮ ਬਣਾਉਣ ਸਬੰਧੀ। | (ਲੇਬਰ ਰੇਟ) 1,27,85,511/- | 2,56,000/- | 12 ਮਹੀਨੇ | 1000/- |
| 4 | ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਨਾਲ ਸਬੰਧਤ ਸਾਰਾਗੜ੍ਹੀ ਨਿਵਾਸ ਦੀ ਸਮੁੱਚੀ ਬਿਲਡਿੰਗ ਨੂੰ ਰੰਗ ਰੋਗਨ ਕਰਨਾ। | (ਥਰੂ ਰੇਟ) 44,23,707/- | 88,500/- | 6 ਮਹੀਨੇ | 1000/- |

ਸ਼ਰਤਾਂ :-

1) ਅਰਨੈਸਟ ਮਨੀ ਕਿਸੇ ਸੂਚੀਬੱਧ ਬੈਂਕ ਕੇਵਲ ਡਰਾਫਟ ਦੀ ਸ਼ਕਲ ਵਿੱਚ ਸਕੱਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਹੱਕ ਵਿੱਚ ਸਵੀਕਾਰ ਕੀਤੀ ਜਾਵੇਗੀ। ਬਗੈਰ ਅਰਨੈਸਟ ਮਨੀ ਟੈਂਡਰ ਨਹੀਂ ਵਿਚਾਰੇ ਜਾਣਗੇ।
2) ਨਿਮਨ ਹਸਤਾਖਰੀ ਨੂੰ ਕੋਈ ਜਾਂ ਸਾਰੇ ਟੈਂਡਰ ਬਿਨ੍ਹਾਂ ਕਾਰਣ ਦੱਸੇ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੋਵੇਗਾ।
3) ਸ਼ਰਤਾਂ ਵਾਲੇ ਟੈਂਡਰ ਰੱਦ ਕੀਤੇ ਜਾਣਗੇ।
4) ਟੈਂਡਰ ਫਾਰਮ ਏਜੰਸੀ ਵੱਲੋਂ ਇਨਲਿਸਟਮੈਂਟ ਦੀ ਕਾਪੀ ਅਤੇ ਪਿਛਲੇ ਤਿੰਨ ਸਾਲਾਂ ਦਾ ਇਨਕਮ ਟੈਕਸ ਕਲੀਅਰੈਂਸ ਸਰਟੀਫਿਕੇਟ ਪੇਸ਼ ਕਰਨ ਅਤੇ ਪਿਛਲੇ ਕੀਤੇ ਕੰਮਾਂ ਦੇ ਐਕਸੀਅਨ ਵੱਲੋਂ ਜਾਰੀ ਕੀਤੇ ਸਰਟੀਫਿਕੇਟਾਂ ਦੇ ਅਧਾਰਤ ਤੇ ਹੀ ਜਾਰੀ ਕੀਤੇ ਜਾਣਗੇ।

ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

ਨੋਟ :- ਟੈਂਡਰਾਂ ਸਬੰਧੀ ਵਧੇਰੇ ਜਾਣਕਾਰੀ ਡਰਾਇੰਗ ਬ੍ਰਾਂਚ ਇਮਾਰਤੀ ਵਿਭਾਗ, ਸ਼੍ਰੋਮਣੀ ਗੁ: ਪ੍ਰ: ਕਮੇਟੀ ਤੋਂ ਦਫਤਰੀ ਸਮੇਂ ਦੌਰਾਨ ਲਈ ਜਾ ਸਕਦੀ ਹੈ।